ਪੰਜਾਬ ਸਕੂਲ ਸਿੱਖਿਆ ਬੋਰਡ

-----------------

<u>ਪ੍ਰੈਸ ਨੋਟ</u>

ਮੈਟ੍ਰਿਕ ਅਤੇ ਬਾਰਵ੍ਹੀਂ ਪਰੀਖਿਆ ਮਾਰਚ 2015 ਦੇ ਰੈਗੂਲਰ (ਸਮੇਤ ਓਪਨ ਸਕੂਲ ) ਪਰੀਖਿਆਰਥੀਆਂ ਦੇ ਵੇਰਵਿਆਂ ਦੀ ਕੱਟ ਲਿਸਟ ਸਕੂਲ ਨੂੰ ਜਾਰੀ ਕੀਤੀ ਲਾਗ-ਇੰਨ ਆਈ. ਡੀ ਤੇ ਮਿਤੀ 14/01/2015 ਨੂੰ ਪਾ ਦਿੱਤੀ ਗਈ ਸੀ। ਮਿਤੀ 22-01-2015 ਤੱਕ ਦਫਤਰ ਪ੍ਰਾਪਤ ਹੋਈਆਂ ਗਲਤੀਆਂ ਦੀ ਸੋਧ ਅਪ-ਡੇਟ ਕਰਨ ਉਪਰੰਤ ਸਕੂਲ ਦੀ ਲਾਗ ਇੰਨ ਆਈ.ਡੀ ਤੇ 28-01-2015 ਨੂੰ ਪਾ ਦਿੱਤੀਆਂ ਹਨ । ਸਕੂਲ ਮੁੱਖੀ ਪਰੀਖਿਆਰਥੀਆਂ ਦੀ ਕੱਟ ਲਿਸਟ ਦੁਬਾਰਾ ਡਾਊਨ-ਲੋਡ ਕਰਕੇ ਚੈੱਕ ਕਰ ਲੈਣ। ਪ੍ਰਾਈਵੇਟ ਪਰੀਖਿਆਰਥੀਆਂ ਦੇ ਪ੍ਰਾਪਤ ਹੋਏ ਫਾਰਮਾ ਦੇ ਵੇਰਵੇ ਬੋਰਡ ਦੀ ਵੈਬ-ਸਾਈਟ www.pseb.ac.in ਤੇ ਮਿਤੀ 28-01-2015 ਨੂੰ ਪਾ ਦਿਤੇ ਗਏ ਹਨ। ਪ੍ਰਾਈਵੇਟ ਪਰੀਖਿਆਰਥੀ ਆਪਣੇ ਵੇਰਵੇ ਚੈਕ ਕਰ ਲੈਣ । ਇਸੇ ਤਰ੍ਹਾਂ ਰੈਗੂਲਰ (ਸਮੇਤ ਓਪਨ ਸਕੂਲ) ਪਰੀਖਿਆਰਥੀਆਂ ਦੇ ਰੋਲ ਨੰਬਰ ਸਲਿਪ (ਐਡਮਿਟ ਕਾਰਡ) ਵੀ ਲਾਗ-ਇੰਨ ਆਈ. ਡੀ ਤੇ 02-02-2015 ਨੂੰ ਪਾਏ ਜਾ ਰਹੇ ਹਨ। ਸਕੂਲ ਮੁੱਖੀ ਰੋਲ ਨੰਬਰਾਂ ਨੂੰ ਡਾਊਨ-ਲੋਡ ਕਰਨ ਉਪਰੰਤ ਆਪਣੇ ਹਸਤਾਖਰ, ਸਕੂਲ ਦੀ ਮੋਹਰ ਸਹਿਤ ਪਰੀਖਿਆਰਥੀਆਂ ਨੂੰ ਜਾਰੀ ਕਰਨਗੇ। ਕੇਂਦਰ ਸੁਪਰਡੰਟ ਵੱਲੋਂ ਰੋਲ ਨੰਬਰ ਸਲਿੱਪ (ਐਡਮਿਟ ਕਾਰਡ) ਤੇ ਸਕੂਲ ਮੁੱਖੀ ਦੇ ਹਸਤਾਖਰ ਨਾ ਹੋਣ ਤੇ ਰੋਲ ਨੰਬਰ ਨਹੀਂ ਮੰਨਿਆ ਜਾਵੇਗਾ। ਰੈਗੂਲਰ ਪਰੀਖਿਆਰਥੀਆਂ ਦੇ ਰੋਲ ਨੰਬਰ ਵੱਖਰੇ ਤੌਰ ਤੇ ਨਹੀਂ ਭੇਜੇ ਜਾਣਗੇ । ਵਾਧੂ ਵਿਸ਼ਾ, ਕਾਰਗੁਜਾਰੀ ਸੁਧਾਰ ਅਤੇ ਰੀ-ਅਪੀਅਰ/ ਕੰਪਾਰਟਮੈਂਟ ਪਰੀਖਿਆਰਥੀਆਂ ਦੇ ਰੋਲ ਨੰਬਰ 04-02-2015 ਨੂੰ ਬੋਰਡ ਦੀ ਵੈਬ-ਸਾਈਟ www.pseb.ac.in ਤੇ ਪਾਉਣ ਦੇ ਨਾਲ ਨਾਲ ਡਾਕ ਰਾਹੀਂ ਵੀ ਭੇਜੇ ਜਾ ਰਹੇ ਹਨ ।

ਸਕੱਤਰ